ਦਫਤਰ: ਰਜਿਸਟਰਾਰ ਸਹਿਹ ਜਾਬ ਚੰਡੀਗੜ੍ਹ।

(ਰਿਣ ਸਾਖਾ)

ਵੱਲ

ਪ੍ਰਬੰਧਕ ਨਿਰਦੇਸ਼ਕ,
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ: ਚੰਡੀਗੜ੍ਹ।
ਨੰਬਰ/ਰਸਸ/ਰਿਣ-ਸੀ.ਏ 2/ਇੰਨਫ/ਡੀ.ਐਮ.ਸੀ./ 4808
ਮਿਤੀ 18-3-11

ਵਿਸ਼ਾ:- ਸੀ.ਸੀ.ਬੀਜ ਦੀ ਇਨਫਰਾਸਟਕਚਰਲ ਵਿਕਾਸ ਯੋਜਨਾਂ।

ਇਸ ਦਫਤਰ ਦੇ ਪੱਤਰ ਨੰ: ਸੀ.ਏ.2/ਇੰਨਫ/ਡੀ.ਐਮ.ਸੀ./331 ਮਿਤੀ 18/5/2000 ਦੀ ਲਗਾਤਾਰਤਾ ਵਿੱਚ ਕੇਂਦਰੀ ਸਹਿਕਾਰੀ ਬੈਂਕ ਲਿਮ: ਅੰਮ੍ਰਿਤਸਰ ਤੋਂ ਪ੍ਰਾਪਤ ਹੋਈ ਤਜਵੀਜ ਨੂੰ ਘੋਖਣ ਉਪਰੰਤ ਇਹ ਨਿਰਣਾ ਲਿਆ ਗਿਆ ਹੈ ਕਿ ਉਕਤ ਪੱਤਰ ਰਾਂਹੀ ਗਠਿਤ ਕੀਤੀ ਗਈ ਕਮੇਟੀ ਵਿੱਚ ਸਹਿਕਾਰੀ ਬੈਂਕ ਦੇ ਬੋਰਡ ਆਫ ਡਾਇਰੈਕਟਰਜ਼ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਜਾਵੇ। ਇਸ ਤਜਵੀਜ ਅਨੁਸਾਰ ਕਮੇਟੀ ਹੁਣ ਹੇਠ ਲਿਖੇ ਅਨੁਸਾਰ ਹੋਵੇਗੀ:-

| ਲੜੀ ਨੰ: | ਕਮੇਟੀ ਦਾ ਵੇਰਵਾ | |
|---|---|---|
| 1. | ਸੰਯੁਕਤ ਰਜਿਸਟਰਾਰ ਸ/ਸ | ਚੇਅਰਮੈਨ |
| 2. | ਉਪ ਰਜਿਸਟਰਾਰ ਸ/ਸ | ਮੈਂਬਰ |
| 3. | ਬੈਂਕ ਦੇ ਚੁਣੇ ਹੋਏ ਬੀ.ਓ.ਡੀ. ਦੇ 2 ਨੁਮਾਇੰਦੇ | ਮੈਂਬਰ |
| 4. | ਆਡਿਟ ਅਫਸਰ ਸਹਿਕਾਰੀ ਸਭਾਵਾਂ | ਮੈਂਬਰ |
| | ਮੈਨੇਜਰ ਕੇਂਦਰੀ ਸਹਿਕਾਰੀ ਬੈਂਕ | ਮੈਂਬਰ |
| 6. | ਮੁੱਖ ਕਾਰਜਕਾਰੀ ਅਫਸਰ ਕੇਂਦਰੀ ਸਹਿਕਾਰੀ ਬੈਂਕ | ਕਨਵੀਨਰ |

ਇਹ ਪੱਤਰ ਮਾਨਯੋਗ ਰ:ਸ:ਸ: ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਵਧੀਕ ਰਜਿਸਟਰਾਰ(ਰਿਣ)

ਪਿੱਠ ਅੰ:ਨੰ:ਰਸਸ/ਰਿਣ-ਸੀ.ਏ 2/4809-18 ਮਿਤੀ/ 18-3-11

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਚੰਡੀਗੜ੍ਹ (ਚਾਰਜ ਸਹਿਕਾਰਤਾ ਵਿਭਾਗ)
2. ਨਿੱਜੀ ਸਕੱਤਰ, ਵਿੱਤੀ ਕਮਿਸ਼ਨਰ ਸਹਿਕਾਰਤਾ ਵਿਭਾਗ ਪੰਜਾਬ ਸਰਕਾਰ।
3. ਸਪੈਸ਼ਲ ਸਕੱਤਰ ਸਹਿਕਾਰਤਾ ਵਿਭਾਗ ਪੰਜਾਬ।
4. ਪੀ.ਏ.ਟੂ ਰਜਿਸਟਰਰ, ਸਹਿਕਾਰੀ ਸਭਾਵਾਂ, ਪੰਜਾਬ।
5. ਚੀਫ ਆਡੀਟਰ, ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ੍ਹ।
6. ਸਮੂਹ ਗਜਟਿਡ ਅਫਸਰ ਮੁੱਖ ਦਫਤਰ ਅਤੇ ਸਿਖਰ ਸੰਸਥਾਵਾਂ ਵਿੱਚ ਵਿਦੇਸ਼ੀ ਤੇ।
7. ਪ੍ਰਬੰਧਕ ਨਿਰਦੇਸ਼ਕ ਪਨਕੋਫੈਡ।
9. ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਰਾਜ

(2)

ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ।
(ਰਿਣ ਸ਼ਾਖਾ)

ਵੱਲ

ਸਮੂਹ ਸੰਯੁਕਤ/ਉਪ ਰਜਿਸਟਰਾਰ,
ਸਹਿਕਾਰੀ ਸਭਾਵਾਂ, ਖੇਤਰ ਵਿੱਚ।

40
29/1/13

ਵਿਸ਼ਾ ਅਪੈਕਸ/ਸੈਂਟਰਲ ਸਹਿਕਾਰੀ ਸੰਸਥਾਵਾਂ ਅਤੇ ਪੀ.ਏ.ਡੀ.ਬੀਜ਼ ਦੀਆਂ ਬਿਲਡਿੰਗਾ ਨੂੰ ਸਿਫ਼ਟ ਕਰਨ ਦੀ ਪ੍ਰਵਾਨਗੀ ਦੇਣ ਸਬੰਧੀ ਕੇਸ ਭੇਜਣ ਬਾਰੇ।

ਹਵਾਲਾ ਇਸ ਦਫਤਰ ਦਾ ਪੱਤਰ ਨੰ.546-47 ਮਿਤੀ 20-12-2012

ਵਿਸ਼ੇ ਤੇ ਹਵਾਲਾ ਅਧੀਨ ਦਿੱਤੇ ਪੱਤਰ ਰਾਂਹੀ ਹਦਾਇਤਾਂ ਜਾਰੀ ਕਰਦੇ ਹੋਏ ਲਿਖਿਆ ਗਿਆ ਸੀ, ਕਿ ਅਪੈਕਸ/ਸੈਂਟਰਲ ਸਹਿਕਾਰੀ ਸੰਸਥਾਵਾਂ ਅਤੇ ਪੀ.ਏ.ਡੀ.ਬੀਜ਼ ਦੀਆਂ ਬਿਲਡਿੰਗਾ ਨੂੰ ਸ਼ਿਫਟ ਕਰਨ ਸਬੰਧੀ ਉਪਰੋਕਤ ਪੱਤਰ ਵਿੱਚ ਦਰਸਾਈਆ ਸ਼ਰਤਾ ਪੂਰੀਆਂ ਕਰਕੇ ਹੀ, ਕੇਸ ਭੇਜੇ ਜਾਇਆ ਕਰਨ। ਪਰ ਪਿਛਲੇ ਕੁਝ ਸਮੇਂ ਤੋ ਵੇਖਣ ਵਿੱਚ ਆਇਆ ਹੈ, ਕਿ ਉਕਤ ਵਿਸ਼ੇ ਸਬੰਧੀ ਜੋ ਵੀ ਕੇਸ ਪ੍ਰਾਪਤ ਹੁੰਦੇ ਹਨ, ਉਹ ਉਕਤ ਪੱਤਰ ਵਿੱਚ ਦਰਜ਼ ਸ਼ਰਤਾਂ ਨੂੰ ਪੂਰੀਆਂ ਕੀਤੇ ਬਿਨਾਂ ਭੇਜੇ ਜਾਂਦੇ ਹਨ, ਜਿਸ ਕਾਰਨ ਕੇਸ ਵਾਪਸ ਕਰਨੇ ਪੈਂਦੇ ਹਨ। ਅਜਿਹਾ ਕਰਨ ਨਾਲ ਜਿੱਥੇ ਫਾਲਤੂ ਦੀ ਲਿਖਾਪੜੀ ਵਧਦੀ ਹੈ, ਉਸਦੇ ਨਾਲ ਹੀ ਅਜਿਹੇ ਕੇਸਾ ਨੂੰ ਸਮੇਂ ਸਿਰ ਨਿਪਟਾਉਣ ਵਿੱਚ ਦੇਰੀ ਹੁੰਦੀ ਹੈ।

ਇਸ ਲਈ ਇਸ ਵਿਸ਼ੇ ਤੇ ਵਿਚਾਰ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ, ਕਿ ਉਕਤ ਵਿਸ਼ੇ ਸਬੰਧੀ ਜੋ ਵੀ ਕੇਸ ਪ੍ਰਵਾਨਗੀ ਲਈ ਇਸ ਦਫਤਰ ਨੂੰ ਭੇਜੇ ਜਾਣ ਉਹ ਹੇਠ ਦਰਸਾਈ ਚੈਕ ਲਿਸਟ ਅਨੁਸਾਰ ਮੁਕੰਮਲ ਕਰਕੇ ਭੇਜੇ ਜਾਣ ਤਾਂ ਜੋ ਆਪ ਵੱਲੋ ਪ੍ਰਾਪਤ ਹੋਏ ਕੇਸਾ ਦਾ ਸਮੇਂ ਸਿਰ ਨਿਪਟਾਰਾ ਹੋ ਸਕੇ। ਅਧੂਰਾ ਕੇਸ ਭੇਜਣ ਵਿੱਚ ਸਬੰਧਿਤ ਜ਼ਿਲੇ ਦੇ ਅਧਿਕਾਰੀ ਦੀ ਜੁੰਮੇਵਾਰੀ ਫਿਕਸ ਕੀਤੀ ਜਾਵੇਗੀ :-

| | ਚੈਕ ਲਿਸਟ | |
|---|---|---|
| 1 | ਬੈਂਕ ਦਾ ਨਾਮ ਜਿਸ ਦੀ ਇਮਾਰਤ ਤਬਦੀਲ ਕੀਤੀ ਜਾਣੀ ਹੈ। | |
| 2 | ਮਿਤੀ ਜਦੋਂ ਇਮਾਰਤ ਕਿਰਾਏ ਤੇ ਲਈ ਗਈ ਸੀ। | |
| 3 | ਇਮਾਰਤ ਤਬਦੀਲ ਕਰਨ ਦੇ ਕਾਰਨ। | |
| 4 | ਖਾਲੀ ਕੀਤੀ ਜਾਣ ਵਾਲੀ ਇਮਾਰਤ ਅਤੇ ਨਵੀਂ ਕਿਰਾਏ ਤੇ ਲਈ ਜਾਣ ਵਾਲੀ ਇਮਾਰਤ ਦਾ ਕਵਰਡ ਏਰੀਆ (ਵਰਗ ਫੁੱਟ ਵਿੱਚ) । | |
| 5 | ਕਿਰਾਏ ਤੇ ਲਈ ਜਾਣ ਵਾਲੀ ਇਮਾਰਤ ਵਿੱਚ ਬੈਠਣ ਵਾਲੇ ਸਟਾਫ ਦੀ ਗਿਣਤੀ। | |
| 6 | ਪਹਿਲਾਂ ਕਿੰਨਾਂ ਕਿਰਾਇਆ ਦਿੱਤਾ ਜਾ ਰਿਹਾ ਹੈ ਅਤੇ ਨਵੀਂ ਕਿਰਾਏ ਤੇ ਲਈ ਜਾਣ ਵਾਲੀ ਇਮਾਰਤ ਦਾ ਕਿੰਨਾ ਕਿਰਾਇਆ ਹੋਵੇਗਾ। | v |
| 7 | ਕੀ ਇਮਾਰਤ ਤਬਦੀਲ ਕਰਨ ਲਈ ਸਬੰਧਤ ਕਮੇਟੀ/ਬੋਰਡ ਆਫ ਡਾਇਰੈਕਟਰਜ਼ ਵੱਲੋ ਮਤਾ ਪਾਇਆ ਗਿਆ ਹੈ। | |
| 8 | ਕੀ ਨਵੀਂ ਇਮਾਰਤ ਕਿਰਾਏ ਤੇ ਲੈਣ ਲਈ ਅਖਬਾਰ ਵਿੱਚ ਇਸ਼ਤਿਹਾਰ ਦਿੱਤਾ ਗਿਆ ਸੀ? ਜੇਕਰ ਹਾਂ ਤਾਂ ਅਖਬਾਰ ਦਾ ਨਾਂਅ ਅਤੇ ਮਿਤੀ । | |
| 9 | ਕੀ ਪੀ.ਡਬਲਿਊ.ਡੀ ਮਹਿਕਮੇ ਪਾਸੋਂ ਲੋੜੀਂਦੀ ਅਸੈਸਮੈਂਟ ਕਰਵਾਈ ਗਈ ਹੈ। | |
| 10 | ਕਾਲਮ ਨੰ. 8 ਅਨੁਸਾਰ ਅਖਬਾਰ ਵਿੱਚ ਦਿੱਤੇ ਗਏ ਇਸ਼ਤਿਹਾਰਾਂ ਦੇ ਸਬੰਧ ਵਿੱਚ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਇਸ ਮੰਤਵ ਲਈ ਬਣਾਈ ਗਈ ਕਮੇਟੀ ਵੱਲੋ ਸਿਫਾਰਿਸ਼ ਕੀਤੀ ਜਾਵੇਗੀ। | |

ਹਸਤਾਖਰ
(ਮੈਨੇਜ਼ਰ)

ਇਹ ਪੱਤਰ ਮਾਨਯੋਗ ਰ.ਸ.ਸ ਜੀ ਦੇ ਆਦੇਸ਼ਾ ਨਾਲ ਜਾਰੀ ਕੀਤਾ ਜਾਂਦਾ ਹੈ ।

ਵਧੀਕ ਰਜਿਸਟਰਾਰ (ਰਿਣ)

ਪਿੰਠ ਅੰਕਣ ਨੰ.ਰਸਸ/ਰਿਣ/ਸੀ.ਏ-1/ 41 ਮਿਤੀ 29-01-13

ਉਪਰੋਕਤ ਦਾ ਉਤਾਰਾ ਮੈਨੇਜਿੰਗ ਡਾਇਰੈਕਟਰ ਪੰਜਾਬ ਰਾਜ ਸਹਿਕਾਰੀ ਬੈਂਕ ਅਤੇ ਮੈਨੇਜਿੰਗ ਡਾਇਰੈਕਟਰ ਖੇਤੀਬਾੜੀ ਵਿਕਾਸ ਬੈਂਕ ਲਿਮ. ਚੰਡੀਗੜ੍ਹ ਨੂੰ ਉਕਤ ਚੈਕ ਲਿਸਟ ਅਨੁਸਾਰ ਕੇਸ ਭਿਜਵਾਉਣ ਹਿਤ ਭੇਜਿਆ ਜਾਂਦਾ ਹੈ ।

ਵਧੀਕ ਰਜਿਸਟਰਾਰ (ਰਿਣ)

# ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
## (ਰਿਣ ਸ਼ਾਖਾ)

ਵੱਲ

1. ਸਮੂਹ ਪ੍ਰਬੰਧ ਨਿਰਦੇਸ਼ਕ,
   ਅਪੈਕਸ ਸਹਿਕਾਰੀ ਸੰਸਥਾਵਾਂ, ਪੰਜਾਬ, ਚੰਡੀਗੜ੍ਹ।

2. ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
   ਪੰਜਾਬ ਰਾਜ ਵਿੱਚ।

ਨੰ:ਰਸਸ/ਰਿਣ/ਸੀ.ਏ. / 373
ਮਿਤੀ : 5-6-14

ਵਿਸ਼ਾ: ਅਪੈਕਸ/ਸੈਂਟਰਲ ਸਹਿਕਾਰੀ ਸੰਸਥਾਵਾਂ ਅਤੇ ਪੀ.ਏ.ਡੀ.ਬੀਜ਼. ਦੀਆਂ ਬਿਲਡਿੰਗਾਂ ਨੂੰ ਸਿਫਟ ਕਰਨ ਦੀ ਪ੍ਰਵਾਨਗੀ ਦੇਣ ਸਬੰਧੀ ਕੇਸ ਸਬੰਧੀ ਬਾਰੇ।

ਹਵਾਲਾ : ਪੰਜਾਬ ਰਾਜ ਸਹਿਕਾਰੀ ਬੈਂਕ ਦਾ ਪੱਤਰ ਨੰ:ਐਸ.ਓ./879 ਮਿਤੀ 17-04-14

ਇਸ ਦਫਤਰ ਦੇ ਪੱਤਰ ਨੰ: ਰਸਸ/ਰਿਣ/ਸੀ.ਏ.1/40 ਮਿਤੀ 29-01-13 ਰਾਹੀਂ ਅਪੈਕਸ ਸੈਂਟਰਲ ਸਹਿਕਾਰੀ ਸੰਸਥਾਵਾਂ ਦੀਆਂ ਬਿਲਡਿੰਗਾਂ ਨੂੰ ਸ਼ਿਫਟ ਕਰਨ ਲਈ ਚੈਕ ਲਿਸਟ ਜਾਰੀ ਕੀਤੀ ਗਈ ਸੀ। ਇਸ ਚੈਕ ਲਿਸਟ ਵਿੱਚ ਸ਼ਾਮਿਲ ਮੱਦ ਨੰ: 9 ਰਾਹੀਂ ਕਿਰਾਏ ਤੇ ਲੈਣ ਵਾਲੀ ਬਿਲਡਿੰਗ ਦੇ ਕਿਰਾਏ ਦੀ ਅਸੈਸਮੈਂਟ ਪੀ.ਡਬਲਿਯੂ.ਡੀ. ਤੋਂ ਕਰਵਾਉਣ ਦੀ ਵਿਵਸਥਾ ਕੀਤੀ ਗਈ ਸੀ। ਉਪਰੋਕਤ ਚੈਕ ਲਿਸਟ ਵਿੱਚੋਂ ਪੀ.ਡਬਲਿਯੂ.ਡੀ. ਤੋਂ ਕਿਰਾਏ ਦੀ ਅਸੈਸਮੈਂਟ ਕਰਾਉਣ ਦੀ ਸ਼ਰਤ ਨੂੰ ਖਤਮ ਕੀਤਾ ਜਾਂਦਾ ਹੈ। ਬਿਲਡਿੰਗ ਕਿਰਾਏ ਤੇ ਲੈਣ ਲਈ ਦੋ ਅਖਬਾਰਾਂ ਵਿੱਚ ਇਸ਼ਤਿਹਾਰ ਦੇਣਾ ਲਾਜ਼ਮੀ ਹੋਵੇਗਾ।

ਬਿਲਡਿੰਗ ਕਿਰਾਏ ਤੇ ਲੈਣ ਲਈ ਤਜਵੀਜ਼ ਪਹਿਲਾਂ ਸਥਾਪਿਤ ਵਿਵਸਥਾ ਅਨੁਸਾਰ ਸੰਯੁਕਤ ਰਜਿਸਟਰਾਰ ਆਫ ਡਵੀਜ਼ਨ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਦੀ ਸਿਫਾਰਸ਼ ਸਹਿਤ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਭੇਜੇ ਜਾਣ।

ਇਸ ਦੇ ਨਾਲ ਹੀ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਕਿਸੇ ਬੈਂਕ ਦੀ ਬ੍ਰਾਂਚ, ਪੀ.ਏ.ਡੀ.ਬੀ. ਦੀ ਬਿਲਡਿੰਗ ਨੂੰ ਖਾਲੀ ਕਰਨ ਦੀ ਪੂਰਵ ਪ੍ਰਵਾਨਗੀ ਰਜਿਸਟਰਾਰ, ਸਹਿਕਾਰੀ ਸਭਾਵਾਂ ਤੋਂ ਵੱਖਰੇ ਤੌਰ ਤੇ ਲਈ ਜਾ ਸਕਦੀ ਹੈ।

5.6.2014

ਵਧੀਕ ਰਜਿਸਟਰਾਰ (ਰਿਣ)